# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## <u>ਪ੍ਰੈਸ ਨੋਟ</u>

## <u>ਸਾਲ 2016-17 ਦਾ ਪ੍ਰਾਪਰਟੀ ਟੈਕਸ ਜਮਾਂ ਕਰਵਾਉਣ ਤੇ 10% ਰਿਬੇਟ ਦਿੱਤੀ ਜਾਵੇਗੀ......ਕਮਿਸ਼ਨਰ ਨਗਰ ਨਿਗਮ</u>

ਹੁਸ਼ਿਆਰਪੁਰ 18 ਮਈ- ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 112-ਏ ਅਧੀਨ ਸਾਲ 2016-17 ਦਾ ਪ੍ਰਾਪਰਟੀ ਟੈਕਸ ਜਮਾਂ ਕਰਵਾਉਣ ਤੇ ਸ਼ਹਿਰ ਵਾਸੀਆਂ ਨੂੰ 10% ਛੋਟ ਦਿੱਤੀ ਜਾ ਰਹੀ ਹੈ। ਇਹ ਜਾਣਕਾਰੀ ਕਮਿਸ਼ਨਰ ਨਗਰ ਨਿਗਮ ਅਨੰਦ ਸਾਗਰ ਸ਼ਰਮਾ ਨੇ ਦਿੰਦਿਆ ਦੱਸਿਆ ਕਿ ਸ਼ਹਿਰ ਵਾਸੀ ਆਪਣਾ ਬਣਦਾ ਪ੍ਰਾਪਰਟੀ ਟੈਕਸ ਨਗਰ ਨਿਗਮ ਦੇ ਦਫਤਰ ਵਿਚ ਸਮੇਂ ਸਿਰ ਜਮਾਂ ਕਰਵਾਉਣ ਅਤੇ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀਂ 10% ਛੋਟ ਦਾ ਲਾਭ ਉਠਾਉਣ। ਉਹਨਾਂ ਹੋਰ ਦੱਸਿਆ ਕਿ ਜਿੰਨਾਂ ਸ਼ਹਿਰ ਵਾਸੀਆਂ ਨੇ ਅਜੇ ਤੱਕ ਸਾਲ 2013-14, 2014-15 ਅਤੇ 2015-16 ਦਾ ਬਣਦਾ ਪ੍ਰਾਪਰਟੀ ਟੈਕਸ ਨਗਰ ਨਿਗਮ ਦੇ ਦਫਤਰ ਵਿਚ ਜਮਾਂ ਨਹੀਂ ਕਰਵਾਇਆ ਉਹ ਜਲਦੀ ਤੋਂ ਜਲਦੀ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮਾਂ ਕਰਵਾਉਣ। ਟੈਕਸ ਜਮਾਂ ਨਾ ਕਰਵਾਉਣ ਦੀ ਸੂਰਤ ਵਿਚ ਪ੍ਰਾਪਰਟੀ ਮਾਲਕਾ ਦੇ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।